# ਮਾਪੇ ਵੀ ਗਿਣਦੇ ਹਨ

## ਗਣਿਤ : ਜੋੜ, ਘਟਾਓ, ਗੁਣਾ ਅਤੇ ਵੰਡ - ਨਾਲ ਆਪਣੇ ਬੱਚੇ ਦੀ ਮਦਦ ਕਰਦਿਆਂ

ਰੋਜ਼ਾਨਾ ਦੀਆਂ ਗਤੀਵਿਧੀਆਂ ਅਤੇ ਖੇਡਣ ਦੌਰਾਨ ਬੱਚੇ ਕੁਦਰਤੀ ਤੌਰ ਉਤੇ ਅੰਕਾਂ ਦੀ ਵਰਤੋਂ ਕਰਨਗੇ। ਛੋਟੇ ਬੱਚੇ ਲੌਲੀਪਾਪ ਜਿਹੀਆਂ ਵਸਤਾਂ ਸਾਂਝੀਆਂ ਕਰਨ ਦੇ ਬੇਹੱਦ ਸਮਰੱਥ ਹੁੰਦੇ ਹਨ ਤਾਂ ਜੋ ਹਰੇਕ ਵਿਅਕਤੀ ਨੂੰ ਬਰਾਬਰ ਦਾ ਹਿੱਸਾ ਮਿਲ ਸਕੇ ਜਾਂ ਦੋਸਤਾਂ ਦੀ ਕੁਲੈਕਸ਼ਨ ਨੂੰ ਆਪਣੀ ਕੁਲੈਕਸ਼ਨ ਵਿੱਚ ਜੋੜਦਿਆਂ ਉਨ੍ਹਾਂ ਦਾ ਕੁੱਲ ਜੋੜ ਲੱਭਣਾ। ਸਾਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਅੰਕਾਂ ਦੀ ਵਰਤੋਂ ਕਰਦਿਆਂ ਆਸਾਨ ਅਤੇ ਤੁਰੰਤ ਹੱਲ ਲੱਭਣ ਵਿੱਚ ਮਦਦ ਕਰੀਏ।



### ਬੱਚੇ ਅੰਕਾਂ ਦੀ ਵਰਤੋਂ ਕਰਨੀ ਕਿਵੇਂ ਸਿੱਖਦੇ ਹਨ ?

ਪਹਿਲੀ ਵਾਰ ਅੰਕਾਂ ਦੀ ਵਰਤੋਂ ਕਰਨਾ ਸਿੱਖਣ ਵੇਲੇ ਬੱਚਿਆਂ ਨੂੰ ਜੋੜਨਾ, ਘਟਾਉਣਾ, ਗੁਣਾ ਕਰਨੀ ਜਾਂ ਬਰਾਬਰ ਵੰਡਣਾ (ਭਾਗ ਦੇਣਾ) ਸਿੱਖਣ ਵੇਲੇ ਉਨ੍ਹਾਂ ਕੋਲ ਵਸਤਾਂ ਹੋਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਹਰੇਕ ਚੀਜ਼ ਨੂੰ ਵੇਖ ਕੇ ਗਿਣਨ ਦੀ ਪ੍ਰਕਿਰਿਆ ਵਿੱਚੋਂ ਲੰਘਣਾ ਹੋਵੇਗਾ।

ਸਾਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਵੱਡੀ ਸੰਖਿਆ ਤੋਂ ਗਿਣਨਾ ਅਤੇ ਦੂਜੀ ਸੰਖਿਆ ਨੂੰ ਜੋੜ ਕਰਨਾ ਅਤੇ ਘਟਾਉਣਾ ਸਿਖਾਈਏ। ਸਾਨੂੰ ਇਹ ਵੀ ਚਾਹੀਦਾ ਹੈ ਕਿ ਅਸੀਂ ਬੱਚਿਆਂ ਨੂੰ ਸਮੂਹ ਜਾਂ ਮਾਤਰਾ ਦਾ ਮਾਨਸਿਕ ਤਸੱਵਰ (ਮਨ ਵਿੱਚ ਕਾਲਪਨਿਕ ਤਸਵੀਰ ਬਣਾਉਣੀ) ਕਰਨਾ ਸਿਖਾਈਏ ਤਾਂ ਜੋ ਉਹ ਹਮੇਸ਼ਾ ਵਸਤਾਂ ਨੂੰ ਦੇਖਣ ਉਤੇ ਹੀ ਨਿਰਭਰ ਨਾ ਰਹਿਣ। ਵਸਤਾਂ ਦੇ ਸਮੂਹਾਂ ਨੂੰ ਮਨ ਦੀ ਤਸਵੀਰ ਰਾਹੀਂ ਵੇਖਣ ਵਿੱਚ ਬੱਚਿਆਂ ਦੀ ਮਦਦ ਕਰਨ ਨਾਲ ਉਨ੍ਹਾਂ ਨੂੰ “ਪਹਾੜੇ” ਸਿੱਖਣ ਤੋਂ ਪਹਿਲਾਂ ਗੁਣਾ ਅਤੇ ਵੰਡ ਸਿੱਖਣ ਵਿੱਚ ਮਦਦ ਮਿਲੇਗੀ।


Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ

## ਬੱਚੇ ਅੰਕਾਂ ਦੀ ਵਰਤੋਂ ਕਰਨੀ ਕਿਵੇਂ ਸਿੱਖਦੇ ਹਨ ?

- ਪਲੇ ਬੋਰਡ ਖੇਡਾਂ ਜਿਵੇਂ ਕਿ *ਸਨੇਕਸ ਐਂਡ ਲੈਡਰਸ* ਦੋ ਡਾਈਸ ਨਾਲ ਅਤੇ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਪਾਸੇ ਰਾਹੀਂ ਸੁੱਟੇ ਗਏ ਦੋ ਅੰਕਾਂ ਨੂੰ ਜੋੜੇ। ਉਨ੍ਹਾਂ ਨੂੰ ਸਿਖਾਓ ਕਿ ਕਿਵੇਂ ਵੱਡੀ ਸੰਖਿਆ ਤੋਂ ਗਿਣਨਾ ਹੈ।
- ਤਾਸ਼ ਦੀਆਂ ਖੇਡਾਂ ਜਿਵੇਂ ਕਿ *੨੧ ਜਾਂ ਬਸਟ*। ਇਸ ਖੇਡ ਵਿੱਚ ਹਰੇਕ ਖਿਡਾਰੀ ਕੋਲ ਦੋ ਕਾਰਡ ਹੁੰਦੇ ਹਨ ਅਤੇ ਉਹ ਅੰਕਾਂ ਨੂੰ ਜੋੜਦੇ ਹਨ। ਹਰੇਕ ਖਿਡਾਰੀ ੨੧ ਦੇ ਸਭ ਤੋਂ ਵੱਧ ਸਕੋਰ ਤੱਕ ਪੁੱਜਣ ਲਈ “ਕਿਟੀ” ਤੋਂ ਹੋਰ ਕਾਰਡ ਮੰਗ ਸਕਦਾ ਹੈ।
- ਆਪਣੇ ਬੱਚੇ ਨਾਲ ਇਕੱਠਿਆਂ ਬੈਠ ਕੇ ਸੰਗਤਰੇ ਜਿਹਾ ਫਲ ਖਾਂਦਿਆਂ ਉਸ ਦੇ ਬੀਜ ਗਿਣੋ ਕਿ ਦੋਹਾਂ ਕੋਲ ਕਿੰਨੇ - ਬੀਜ ਹਨ।
- ਬਾਜ਼ਾਰ ’ਚੋਂ ਖ਼ਰੀਦਦਾਰੀ ਕਰਦਿਆਂ ਆਪਣੇ ਬੱਚੇ ਨੂੰ ਪੁੱਛੋ ਕਿ ਹੋਰ ਕਿੰਨੀਆਂ ਚੀਜ਼ਾਂ ਖਰੀਦਣੀਆਂ ਰਹਿ ਗਈਆਂ ਹਨ। *ਮੇਰੇ ਕੋਲ ਇਸ ਵੇਲੇ ਛੇ ਸੇਬ ਹਨ, ਹੋਰ ਕਿੰਨੇ ਸੇਬ ਖਰੀਦਾਂ ਕਿ ਕੁੱਲ ਦਸ ਸੇਬ ਹੋ ਜਾਣ ?*



- ਸੈਰ ਕਰਨ ਲੱਗਿਆਂ ਮਕਾਨਾਂ ਦੇ ਨੰਬਰਾਂ ਨੂੰ ਵੇਖੋ। ਆਪਣੇ ਬੱਚੇ ਤੋਂ ਪੁੱਛੋ ਕਿ ਹੁਣ ਅਗਲੇ ਮਕਾਨ ਦਾ ਨੰਬਰ ਕਿਹੜਾ ਹੋਵੇਗਾ।
- ਮੇਜ਼ ਨੂੰ ਇੱਕ ਵਿਅਕਤੀ ਲਈ ਤਿਆਰ ਕਰੋ ਅਤੇ ਆਪਣੇ ਬੱਚੇ ਨੂੰ ਹਰੇਕ ਲਈ ਪਲੇਟਾਂ ਲਾਉਣ ਲਈ ਕਹੋ। ਉਸ ਨੂੰ ਪੁੱਛੋ ਕਿ ਹੋਰ ਕਿੰਨੀਆਂ ਪਲੇਟਾਂ ਚਾਹੀਦੀਆਂ ਹਨ ?
- ਕਾਰਟਨ ਵਿੱਚ ਪਏ ਆਂਡਿਆਂ ਦੀ ਗਿਣਤੀ ਕਰੋ ਅਤੇ ਉਨ੍ਹਾਂ ਵਿੱਚੋਂ ਕੁੱਝ ਆਂਡੇ ਕੱਢ ਕੇ ਮੁੜ ਉਨ੍ਹਾਂ ਦੀ ਗਿਣਤੀ ਕਰੋ। *ਆਪਣੇ ਬੱਚੇ ਨੂੰ ਪੁੱਛੋ ਕਿ ਕਿੰਨੇ ਆਂਡੇ ਚੁੱਕ ਲਏ ਗਏ ਹਨ ?*
- ਆਪਣੇ ਬੱਚੇ ਨੂੰ ਇੱਕ ਕਿਤਾਬ ਦਾ ਵਿਸ਼ਾ-ਸੂਚੀ ਵਾਲਾ ਪੰਨਾ ਪੜ੍ਹ ਕੇ ਸੁਣਾਓ। ਵੇਖੋ, ਕਿ ਇੱਕ ਕਹਾਣੀ ਜਾਂ ਅਧਿਆਇ ਕਿਹੜੇ ਪੰਨੇ ਉਤੇ ਹੈ ਅਤੇ ਪੁੱਛੋ ਕਿ ਅਗਲੀ ਕਹਾਣੀ ਕਿੰਨੇ ਪੰਨਿਆਂ ਮਗਰੋਂ ਆਵੇਗੀ।


Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ

- ਸਕਿਟਲਜ਼ (ਨੌਂ ਕੀਲੀਆਂ ਵਿੱਚ ਗੋਲਾ ਮਾਰ ਕੇ ਖੇਡੀ ਜਾਣ ਵਾਲੀ ਖੇਡ) ਖੇਡਣ ਲਈ ਟਾੱਇਲਟ ਦੇ ਖਾਲੀ ਰੋਲ ਜਾਂ ਪਲਾਸਟਿਕ ਦੀਆਂ ਖਾਲੀ ਬੋਤਲਾਂ ਦੀ ਵਰਤੋਂ ਕਰੋ। ਆਪਣੇ ਬੱਚੇ ਨੂੰ ਇਹ ਦੱਸਣ ਲਈ ਉਤਸ਼ਾਹਿਤ ਕਰੋ ਕਿ ਬਾਊਲਿੰਗ ਮਗਰੋਂ ਕਿੰਨੀਆਂ ਡਿੱਗ ਗਈਆਂ ਹਨ ਅਤੇ ਕਿੰਨੀਆਂ ਹਾਲੇ ਵੀ ਖੜ੍ਹੀਆਂ ਹਨ। ਇਹ ਸਕੋਰ ਲਿਖ ਕੇ ਰੱਖੋ ਕਿ ਕਿੰਨੀਆਂ ਡਿੱਗ ਗਈਆਂ ਹਨ ਅਤੇ ਜੇਤੂ ਕੌਣ ਹੈ।
- ਅਜਿਹੇ ਗੀਤ ਗਾਓ, ਜਿਨ੍ਹਾਂ ਵਿੱਚ ਅੰਕ ਆਉਂਦੇ ਹੋਣ। ਗੀਤ ਦਾ ਅਗਲਾ ਪੈਰ੍ਹਾ ਗਾਉਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਪੁੱਛੋ ਕਿ ਗੀਤ ਵਿੱਚ ਹੁਣ ਅਗਲਾ ਅੰਕ ਕਿਹੜਾ ਆਵੇਗਾ।
- ਕਾਰ ਜਾਂ ਕੋਈ ਹੋਰ ਵਾਹਨ ਚਲਾਉਂਦੇ ਸਮੇਂ ਅਗਲੇ ਸ਼ਹਿਰ ਦੀ ਬਾਕੀ ਰਹਿੰਦੀ ਦੂਰੀ ਨੂੰ ਦਰਸਾਉਂਦੇ ਸੰਕੇਤਾਂ ਵੱਲ ਇਸ਼ਾਰਾ ਕਰੋ। ਦੇਸ਼ ਵਿਚ ਕਿਲੋਮੀਟਰਾਂ ਨੂੰ ਦਰਸਾਉਣ ਵਾਲੇ ਸੰਕੇਤਾਂ ਉਤੇ ਅੰਕ ਪੰਜ-ਪੰਜ ਕਰਕੇ ਘਟਦੇ ਹਨ। ਆਪਣੇ ਬੱਚੇ ਨੂੰ ਪੁੱਛੋ ਕਿ ਅਗਲੇ ਸੰਕੇਤ (ਸਾਈਨ) ਉਤੇ ਕਿਹੜਾ ਅੰਕ ਹੋਵੇਗਾ।
- ਸਮੁੱਚੇ ਪਰਿਵਾਰ ਨਾਲ ਮਿਲ ਬੈਠ ਕੇ ਵੰਡ ਕੇ ਖਾਣਾ ਖਾਣ ਵਿਚ ਆਪਣੇ ਬੱਚੇ ਦੀ ਮਦਦ ਕਰੋ। *ਮੈਂ ਆਪਣੇ ਪੀਜ਼ਾ ਦੇ ਕਿੰਨੇ ਟੁਕੜੇ ਕਰਾਂ ਕਿ ਹਰੇਕ ਨੂੰ ਦੋ-ਦੋ ਟੁਕੜੇ ਮਿਲਣ ?*
- ਆਪਣੇ ਬੱਚੇ ਨੂੰ ਆਪਣੀਆਂ ਚੀਜ਼ਾਂ ਹੋਰਨਾਂ ਨਾਲ ਮਿਲਕੇ ਬਰਾਬਰ-ਬਰਾਬਰ ਵੰਡਣੀਆਂ ਸਿਖਾਓ।
- ਵਸਤਾਂ ਦੇ ਸਮੂਹ ਵਿਚ ਮੌਜੂਦ ਚੀਜ਼ਾਂ ਦੀ ਗਿਣਤੀ ਕਰੋ ਜਿਵੇਂ ਕਿ ਇੱਕ ਬੈਗ ਵਿਚ ਕਿੰਨੇ ਖੋਲ ਹਨ ਜਾਂ ਇੱਕ ਵੱਡੇ ਜਾਰ ਵਿਚ ਕਿੰਨੇ ਬਟਨ ਹਨ। ਆਪਣੇ ਬੱਚੇ ਨੂੰ ਪੁੱਛੋ ਕਿ ਉਨ੍ਹਾਂ ਨੂੰ ਤੁਰੰਤ ਗਿਣਨ ਦਾ ਕੋਈ ਆਸਾਨ ਤਰੀਕਾ ਹੈ, ਉਸ ਨੂੰ ਕਹੋ ਕਿ ਉਹ ਵਸਤਾਂ ਨੂੰ ਪੰਜ-ਪੰਜ ਕਰਕੇ ਗਿਣੇ।
- ਪੈਟੀ ਕੇਕਸ ਨੂੰ ਸੁਲਤਾਨਾਂ ਜਾਂ ਸਮਾਰਟੀਜ਼ ਨਾਲ ਸਜਾਓ। ਹਰੇਕ ਕੇਕ ਉਤੇ ਇੱਕੋ ਜਿੰਨੇ ਸੁਲਤਾਨਾਜ਼ ਜਾਂ ਸਮਾਰਟੀਜ਼ ਰੱਖੋ ਅਤੇ ਆਪਣੇ ਬੱਚੇ ਨੂੰ ਪੁੱਛੋ ਕਿ ਉਸ ਨੂੰ ਕੁੱਲ ਕਿੰਨੇ ਸੁਲਤਾਨਾਜ਼ ਜਾਂ ਸਮਾਰਟੀਜ਼ ਚਾਹੀਦੇ ਹੋਣਗੇ।
- ਇੱਕ ਟਰੇਅ ਵਿਚ ਪਈਆਂ ਬਰਫ਼ ਦੀਆਂ ਕਿਊਬਜ਼ ਦੀ ਗਿਣਤੀ ਕਰੋ। ਜੇ ਤੁਹਾਡਾ ਬੱਚਾ ਇੱਕ-ਇੱਕ ਕਰਕੇ ਗਿਣਤੀ ਕਰਦਾ ਹੋਵੇ ਤਾਂ ਉਸਨੂੰ ਸੁਝਾਅ ਦਿਓ ਕਿ ਉਹ ਟ੍ਰੇਅ ਦੀ ਹਰੇਕ ਕਤਾਰ ਦੇ ਹਿਸਾਬ ਨਾਲ ਗਿਣਤੀ ਕਰੇ (ਇਸ ਤਰ੍ਹਾਂ ਉਹ ਵਸਤਾਂ ਨੂੰ ਦੋ-ਦੋ ਕਰਕੇ ਗਿਣੇਗਾ)।




Curriculum K–12 Directorate, © NSW Department of Education